ਪੇਪਰ ਪੰਜਾਬੀ-ਬੀ ਦੀ ਦੁਹਰਾਈ ਲਈ ਪ੍ਰਸ਼ਨ ਪੱਤਰ-2

ਜਮਾਤ ਦਸਵੀਂ

ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਸਮੇਂ ਅਨੁਸਾਰ ਬਦਲ ਕੇ ਕਿਰਿਆ ਜਿਹੜਾ ਰੂਪ ਧਾਰਨ ਕਰਦੀ ਹੈ, ਉਸਨੂੰ ਕਿਰਿਆ ਦਾ......ਕਿਹਾ ਜਾਂਦਾ ਹੈ।

ੳ. ਕਾਰਕ ਅ. ਵਾਚ ੲ. ਕਾਲ ਸ. ਕਿਰਿਆ ਵਿਸ਼ੇਸ਼ਣ

2. ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਨਾਲ਼ ਆ ਕੇ ਉਸਨੂੰ ਆਮ ਤੋਂ ਖਾਸ ਬਣਾਉਣ, ਉਹਨਾਂ ਨੂੰ .........ਕਿਹਾ ਜਾਂਦਾ ਹੈ।

ੳ. ਆਮ ਨਾਂਵ ਅ. ਕਿਰਿਆ ਵਿਸ਼ੇਸ਼ਣ ੲ.ਕਿਰਿਆ ਸ.ਵਿਸ਼ੇਸ਼ਣ

3. ਹੇਠ ਲਿਖਿਆਂ ਵਿੱਚੋਂ ਸੰਖਿਆਵਾਚਕ ਕਿਰਿਆ ਵਿਸ਼ੇਸ਼ਣ ਦੀ ਉਦਾਹਰਨ ਕਿਹੜੀ ਹੈ?

ੳ. ਅਧਵਾਟੇ ਅ. ਦੁਬਾਰਾ ੲ. ਹਾਂ ਜੀ ਸ. ਇਹਨਾਂ 'ਚੋਂ ਕੋਈ ਨਹੀਂ

4. 'ਜ਼ਰੂਰ' ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?

ੳ. ਕਾਰਨ-ਵਾਚਕ ਅ.ਨਿਰਨਾ-ਵਾਚਕ ੲ.ਪ੍ਰਕਾਰ-ਵਾਚਕ ਸ.ਨਿਸ਼ਚੇ-ਵਾਚਕ

5. ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ,ਸਥਾਨ ਜਾਂ ਤਰੀਕਾ ਆਦਿ ਦੱਸੇ, ਉਸਨੂੰ .......ਕਿਹਾ ਜਾਂਦਾ ਹੈ।

ੳ. ਕਿਰਿਆ ਵਿਸ਼ੇਸ਼ਣ ਅ. ਕਿਰਿਆ ੲ. ਵਿਸ਼ੇਸ਼ਣ ਸ.ਕਾਰਕ

6. ਜੋ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਪਿੱਛੇ ਲੱਗ ਕੇ ਉਹਨਾਂ ਦਾ ਸੰਬੰਧ ਵਾਕ ਦੇ ਬਾਕੀ ਸ਼ਬਦਾਂ ਨਾਲ਼ ਜੋੜਨ, ਉਹਨਾਂ ਨੂੰ.....ਕਿਹਾ ਜਾਂਦਾ ਹੈ।

ੳ. ਯੋਜਕ ਅ. ਸੰਬੰਧਕ ੲ. ਵਿਸ਼ੇਸ਼ਣ ਸ. ਨਾਂਵ-ਪੜਨਾਂਵ

7. ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਸ਼ਬਦਾਂ, ਵਾਕੰਸ਼ਾਂ , ਉਪਵਾਕਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਦੇ ਹਨ, ਉਹਨਾਂ ਨੂੰ......ਕਿਹਾ ਜਾਂਦਾ ਹੈ।

ੳ. ਸੰਬੰਧਕ ਅ. ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ. ਯੋਜਕ

8. ਮੁੱਖ ਅਧਿਆਪਕ ਜੀ ਅੰਦਰ ਬੈਠੇ ਹਨ। ਇਸ ਵਾਕ ਵਿੱਚ 'ਅੰਦਰ' ਸ਼ਬਦ ਕੀ ਹੈ?

ੳ. ਸੰਬੰਧਕ ਅ. ਕਿਰਿਆ ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ.ਯੋਜਕ

9. ਮੁੱਖ ਅਧਿਆਪਕ ਜੀ ਦਫ਼ਤਰ ਅੰਦਰ ਬੈਠੇ ਹਨ। ਇਸ ਵਾਕ ਵਿੱਚ 'ਅੰਦਰ' ਸ਼ਬਦ ਕੀ ਹੈ?

ੳ. ਸੰਬੰਧਕ ਅ. ਕਿਰਿਆ ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ.ਯੋਜਕ

10. ਬਣਤਰ ਦੇ ਪੱਖ ਤੋਂ ਯੋਜਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਦੋ ੲ. ਪੰਜ ਸ. ਤਿੰਨ

11. ਹੇਠ ਲਿਖਿਆਂ ਵਿੱਚੋਂ ਵਿਕਾਰੀ ਸੰਬੰਧਕ ਚੁਣੋ ।

ੳ.ਲਈ ਅ.ਦੁਆਰਾ ੲ.ਵਾਸਤੇ ਸ.ਦੇ

12. ਕਾਰਜ ਦੇ ਅਧਾਰ 'ਤੇ ਯੋਜਕ .....ਪ੍ਰਕਾਰ ਦੇ ਹੁੰਦੇ ਹਨ।

ੳ. ਤਿੰਨ ਅ. ਚਾਰ ੲ. ਦੋ ਸ. ਪੰਜ

13. 'ਪੋਤਰੇ' ਸ਼ਬਦ ਦਾ ਸੰਬੋਧਨੀ ਰੂਪ ਲਿਖੋ।

ੳ. ਪੋਤਰਾ ਅ. ਪੋਤਰਿਓ ੲ. ਪੋਤਰਿਆ ਸ. ਪੋਤਰੀਏ

14. ਭਾਵੇਂ ਜ਼ੋਰ ਦਾ ਮੀਂਹ ਆਵੇ, ਫਿਰ ਵੀ ਮੈਂ ਸਕੂਲ ਜਾਵਾਂਗਾ। ਇਸ ਵਾਕ ਵਿੱਚ ਕਿਸ ਪ੍ਰਕਾਰ ਦਾ ਯੋਜਕ ਹੈ?

ੳ. ਸੰਜੁਗਤ ਯੋਜਕ ਅ. ਸਹਿ-ਸੰਬੰਧਕੀ ਯੋਜਕ

ੲ. ਇਕਹਿਰਾ ਯੋਜਕ ਸ. ਇਹਨਾਂ 'ਚੋਂ ਕੋਈ ਨਹੀਂ

15. ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਦੇ ਭਾਵ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕੀ ਕਹਿੰਦੇ ਹਨ?

ੳ. ਕਿਰਿਆ ਵਿਸ਼ੇਸਣ ਅ. ਵਿਸ਼ੇਸ਼ਣ ੲ. ਸੰਬੰਧਕ ਸ. ਵਿਸਮਿਕ

16. ਹੇਠ ਲਿਖਿਆਂ 'ਚੋਂ ਪ੍ਰਸ਼ੰਸਾ-ਵਾਚਕ ਵਿਸਮਿਕ ਚੁਣੋ।

ੳ. ਹੋਸ਼ਿਆਰ ਅ. ਲੱਖ ਲਾਹਨਤ ੲ. ਬੁੱਢ-ਸੁਹਾਗਣ ਸ. ਸ਼ਾਬਸ਼

17. ਉਦੇਸ਼ ਕਿਸਨੂੰ ਕਹਿੰਦੇ ਹਨ?

ੳ. ਵਾਕ ਵਿੱਚ ਜਿਸ ਬਾਰੇ ਗੱਲ ਕੀਤੀ ਜਾਂਦੀ ਹੈ।

ਅ. ਵਾਕ ਵਿੱਚ ਉਦੇਸ ਬਾਰੇ ਜੋ ਗੱਲ ਕੀਤੀ ਜਾਂਦੀ ਹੈ।

ੲ. ਵਾਕ ਵਿੱਚ ਜੋ ਕਾਰਜ ਹੁੰਦਾ ਹੈ।

ਸ. ਇਹਨਾਂ 'ਚੋਂ ਕੋਈ ਨਹੀਂ

18. ਉਹ ਪੰਜਾਬੀ ਦੀ ਪੁਸਤਕ ਪੜ੍ਹ ਰਿਹਾ ਹੈ। ਇਸ ਵਾਕ ਵਿੱਚ ਵਿਧੇਅ ਕਿਹੜਾ ਹੈ?

ੳ. ਪੁਸਤਕ ਪੜ੍ਹ ਰਿਹਾ ਹੈ।  ਅ. ਪੰਜਾਬੀ ਦੀ ਪੁਸਤਕ ਪੜ੍ਹ ਰਿਹਾ ਹੈ।

ੲ. ਉਹ  ਸ. ਪੰਜਾਬੀ ਦੀ ਪੁਸਤਕ

19. ਵਾਕ ਵਿੱਚ ਕਿੰਨੀਆਂ ਸ਼ਬਦ-ਸ਼੍ਰੇਣੀਆਂ ਵਾਕੰਸ਼ ਦੀ ਭੂਮਿਕਾ ਨਿਭਾ ਸਕਦੀਆਂ ਹਨ?

ੳ. ਚਾਰ  ਅ. ਦੋ  ੲ.ਤਿੰਨ  ਸ.ਅੱਠ

20. ਕਾਰਜ ਦੇ ਅਧਾਰ 'ਤੇ ਵਾਕ....ਪ੍ਰਕਾਰ ਦੇ ਹੁੰਦੇ ਹਨ।

ੳ. ਚਾਰ  ਅ. ਦੋ  ੲ. ਤਿੰਨ  ਸ.ਅੱਠ

21. **ਜਿਊਂਦੀ ਮੱਛੀ ਵਹਿਣ ਦੇ ਵਿਰੁੱਧ ਚੱਲਦੀ ਹੈ ਪਰ ਮਰੀ ਹੋਈ ਮੱਛੀ ਵਹਿਣ ਦੇ ਨਾਲ਼ ਚੱਲਦੀ ਹੈ।** ਇਹ ਵਾਕ ਦੀ ਕਿਹੜੀ ਕਿਸਮ ਹੈ?

ੳ. ਸਧਾਰਨ ਵਾਕ  ਅ. ਸੰਜੁਗਤ ਵਾਕ  ੲ. ਮਿਸ਼ਰਤ ਵਾਕ  ਸ. ਇਨ੍ਹਾਂ 'ਚੋਂ ਕੋਈ ਨਹੀਂ

22. ਚਿੰਤਾਤਰ, ਪ੍ਰੇਸ਼ਾਨ, ਫ਼ਿਕਰਮੰਦ ਸ਼ਬਦਾ ਦਾ ਸਮਾਨਾਰਥਕ ਸ਼ਬਦ ਚੁਣੋ।

ੳ. ਉਪਰਾਮ  ਅ. ਤਾਂਘ  ੲ. ਸਮਝ  ਸ. ਸਿਆਣਪ

23. ਜਦੋਂ ਇੱਕ ਹੀ ਸ਼ਬਦ ਦੇ ਵੱਖ-ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਅਰਥ ਹੋਣ, ਉਸ ਨੂੰ......ਕਹਿੰਦੇ ਹਨ।

ੳ. ਸਮਾਨਾਰਥਕ ਸ਼ਬਦ  ਅ. ਵਿਰੋਧਾਰਥਕ ਸ਼ਬਦ

ੲ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ  ਸ. ਬਹੁਅਰਥਕ ਸ਼ਬਦ

24. 'ਪ੍ਰਗਟ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ।

ੳ. ਹਰਖ  ਅ. ਚੰਗਿਆਈ  ੲ. ਗੁਪਤ  ਸ. ਕ੍ਰਿਤੱਗ

25. ਜਿਹੜਾ ਬੰਦਾ ਕਦੇ ਇੱਕ ਧੜੇ ਨਾਲ਼ ਹੋਵੇ, ਕਦੇ ਦੂਜੇ ਧੜੇ ਨਾਲ਼, ਉਸ ਲਈ ਕਿਹੜੇ ਇੱਕ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ?

ੳ. ਅਹਿਸਾਨਮੰਦ  ਅ. ਚੁਫੇਰਗੜੀਆ ੲ. ਵਿਸ਼ਵਾਸ-ਘਾਤੀ  ਸ. ਪ੍ਰਤੀਨਿਧ

26. 'ਕਿਸੇ ਨੂੰ ਕੰਮ ਤੋਂ ਇਨਕਾਰ ਕਰਨਾ' ਲਈ ...........ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਤਖ਼ਤ ਉਲਟਾਉਣਾ  ਅ. ਬਹੁਤ ਆਦਰ ਕਰਨਾ

ੲ. ਨਿੱਖੜ ਜਾਣਾ  ਸ. ਟਕੇ ਵਰਗਾ ਜਵਾਬ ਦੇਣਾ

27. ਜਦੋਂ ਹਾਕਮ ਹੀ ਪਰਜਾ ਨੂੰ ਦੁੱਖ ਦੇਣ ਲੱਗ ਪਵੇ ਤਾਂ ਉਸ ਲਈ ' .......' ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਈਦ ਪਿੱਛੋਂ ਤੰਬਾ ਫੂਕਣਾ ਅ. ਇੱਕ ਇੱਕ ਤੇ ਦੋ ਗਿਆਰਾਂ

ੲ. ਡਿੱਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ ਸ. ਉਲਟੀ ਵਾੜ ਖੇਤ ਨੂੰ ਖਾਏ

28. ਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

29. ਪੜਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

30. ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377